# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ, ਈ. ਬਲਾਕ, 5ਵੀਂ ਮੰਜ਼ਿਲ ਅਜੀਤਗੜ੍ਹ (ਮੋਹਾਲੀ)

---

ਵੱਲ :

1.ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਪੰਜਾਬ

2.ਰਾਜ ਦੇ ਸਮੂਹ ਸਰਕਾਰੀ ਹਾਈ/ ਸੀਨੀ.ਸੈਕੰਡਰੀ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/ਟੀਚਰ ਟਰੇਨਿੰਗ/2013-14/05652
ਮਿਤੀ, ਚੰਡੀਗੜ੍ਹ : 10-12-2013

ਵਿਸ਼ਾ: ਰ.ਮ.ਸ.ਅ. ਤਹਿਤ ਸਲਾਨਾ ਸਕੂਲ ਗਰਾਂਟ (2013-14) ਅਤੇ ਮਾਈਨਰ ਰਿਪੇਅਰ ਗਰਾਂਟ (2013-14) ਦੀ ਵਰਤੋਂ ਸੰਬੰਧੀ।

ਹਵਾਲਾ: ਇਸ ਦਫ਼ਤਰ ਦੇ ਮੀਮੋ ਨੰ: ਏ.ਐਸ.ਪੀ.ਡੀ./ਰਮਸਅ/2013/005361 ਮਿਤੀ ਚੰਡੀਗੜ੍ਹ:30.10.13 ਅਤੇ ਏ.ਐਸ.ਪੀ.ਡੀ./ਰਮਸਅ/05492 ਮਿਤੀ, ਚੰਡੀਗੜ੍ਹ 28.11.13

1.0 ਉਕਤ ਵਿਸ਼ੇ ਅਤੇ ਹਵਾਲੇ ਦੀ ਲਗਾਤਾਰਤਾ ਵਿੱਚ ਆਪ ਜੀ ਦਾ ਵਿਸ਼ੇਸ਼ ਧਿਆਨ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਰ.ਮ.ਸ.ਅ. ਸਲਾਨਾ ਵਰਕ ਪਲਾਨ ਅਤੇ ਬਜਟ 2013-14 ਤਹਿਤ ਪੀ.ਏ.ਬੀ., ਭਾਰਤ ਸਰਕਾਰ ਵੱਲੋਂ ਪ੍ਰਵਾਨਤ ਅਨੁਸਾਰ ਰਾਜ ਦੇ ਸਮੂਹ ਸਰਕਾਰੀ ਹਾਈ/ਸੀਨੀ.ਸੈਕੰਡਰੀ ਸਕੂਲਾਂ ਨੂੰ ਸਲਾਨਾ ਸਕੂਲ ਗਰਾਂਟ @ **Rs.50,000/-** ਪ੍ਰਤੀ ਸਕੂਲ ਅਤੇ ਮਾਈਨਰ ਰਿਪੇਅਰ ਗਰਾਂਟ ਗਰਾਂਟ @ **Rs.25,000/-** ਪ੍ਰਤੀ ਸਕੂਲ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਹਵਾਲਾ ਅਧੀਨ ਪੱਤਰਾਂ ਰਾਹੀਂ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ।

2.0 ਪ੍ਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਇਹ ਗਰਾਂਟਾਂ ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਕਈ ਵਾਰ ਸਕੂਲਾਂ ਨੂੰ ਜਾਰੀ ਕਰਨ ਵਿੱਚ ਦੇਰੀ ਹੋਣ ਕਾਰਨ ਜਾਂ ਸਕੂਲ ਮੁੱਖੀ ਵੱਲੋਂ ਅਣਗਹਿਲੀ ਕਾਰਨ ਸਮੇਂ-ਸਿਰ ਜਾਂ ਯੋਗ ਨਹੀਂ ਖਰਚ ਕੀਤੀਆਂ ਜਾਂਦੀਆਂ, ਜਿਸ ਕਾਰਨ ਬੇਲੋੜੇ ਵਿਵਾਦ/ਇਤਰਾਜ਼ ਹੁੰਦੇ ਹਨ।

3.0 ਇਸ ਪੱਤਰ ਰਾਹੀਂ ਲਿਖਿਆ ਜਾਂਦਾ ਹੈ ਕਿ ਹਦਾਇਤਾਂ ਮੁਤਾਬਕ ਇਹਨਾਂ ਗਰਾਂਟਾ ਦੀ ਉਚਿਤ ਵਰਤੋਂ ਕੀਤੀ ਜਾਵੇ। ਇਸ ਸੰਬੰਧੀ ਸਮੂਹ ਸਕੂਲ-ਮੁੱਖੀਆਂ ਵੱਲੋਂ ਸਲਾਨਾ ਸਕੂਲ ਗਰਾਂਟ ਖਰਚ ਕਰਨ ਉਪਰੰਤ 25 ਦਸੰਬਰ 2013 ਤੱਕ ਵਰਤੋਂ ਸਰਟੀਫਿਕੇਟ ਸੰਬੰਧਤ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਨੂੰ ਹਰ ਹਾਲਤ ਜਮ੍ਹਾ ਕਰਵਾਏ ਜਾਣ। ਇਸੇ ਤਰ੍ਹਾਂ ਮਾਈਨਰ ਰਿਪੇਅਰ ਗਰਾਂਟ ਦੀ ਯੋਗ ਵਰਤੋਂ ਕਰਕੇ 31 ਜਨਵਰੀ 2014 ਤਕ ਹਰ ਹਾਲਤ ਵਿੱਚ ਵਰਤੋਂ ਸਰਟੀਫਿਕੇਟ ਸੰਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਭੇਜ ਦਿੱਤਾ ਜਾਵੇ।

4.0 ਉਕਤ ਤੋਂ ਇਲਾਵਾ ਸਪਸ਼ਟ ਤੌਰ ਤੇ ਲਿਖਿਆ ਜਾਂਦਾ ਹੈ ਕਿ ਇਹ ਗਰਾਂਟ ਜਿਸ ਕਾਰਜ ਲਈ ਭੇਜੀ ਗਈ ਹੈ, ਉਸੇ ਕਾਰਜ ਲਈ ਵਰਤੋਂ ਕੀਤੀ ਜਾਣੀ ਯਕੀਨੀ ਬਣਈ ਜਾਵੇ। ਹਦਾਇਤਾਂ ਤੋਂ ਬਾਹਰ ਜਾ ਕੇ ਕੋਈ ਹੋਰ ਖਰੀਦ ਨਾ ਕੀਤੀ ਜਾਵੇ ਅਤੇ ਨਿਸ਼ਚਿਤ ਸਮੇਂ ਵਿੱਚ ਗਰਾਂਟਾ ਦੀ ਉਚਿਤ ਵਰਤੋਂ ਕਰਨ ਉਪਰੰਤ ਵਰਤੋਂ ਸਰਟੀਫਿਕੇਟ ਭੇਜੇ ਜਾਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ
-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।